BC Epilepsy Society

## ਮਿਰਗੀ ਅਤੇ ਗਰਭ ਰੋਕੂ ਤਰੀਕੇ (Epilepsy and Contraception)

ਮਿਰਗੀ ਵਾਲੀਆਂ ਔਰਤਾਂ ਵਿਚ ਅਣਵਿਉਂਤਿਆ ਗਰਭ ਅਕਸਰ ਗਰਭ ਰੋਕਣ ਦੇ ਤਰੀਕੇ (ਬਰਥ ਕੰਟਰੋਲ) ਦੇ ਫੇਲ੍ਹ ਹੋਣ ਨਾਲ ਹੁੰਦਾ ਹੈ। ਅਣਵਿਉਂਤੇ ਗਰਭ ਤੋਂ ਬਚਣ ਲਈ, ਬੱਚੇ ਪੈਦਾ ਕਰਨ ਦੀ ਉਮਰ ਦੀਆਂ ਮਿਰਗੀ ਵਾਲੀਆਂ ਔਰਤਾਂ ਲਈ ਇਹ ਸਮਝਣਾ ਜ਼ਰੂਰੀ ਹੈ ਕਿ ਉਨ੍ਹਾਂ ਦਾ ਇਲਾਜ ਕਿਵੇਂ ਗਰਭ ਰੋਕਣ ਦੇ ਤਰੀਕਿਆਂ ’ਤੇ ਅਸਰ ਪਾ ਸਕਦਾ ਹੈ। ਇਸ ਜਾਣਕਾਰੀ ਸ਼ੀਟ ਦਾ ਮੰਤਵ ਗਰਭ ਰੋਕਣ ਦੇ ਰੂਪਾਂ ਬਾਰੇ ਕੁਝ ਜਾਣਕਾਰੀ ਦੇਣਾ ਹੈ ਜਿਨ੍ਹਾਂ ਦੀ ਵਰਤੋਂ ਮਿਰਗੀ ਵਾਲੀਆਂ ਔਰਤਾਂ ਵਲੋਂ ਕੀਤੀ ਜਾ ਸਕਦੀ ਹੈ। ਅਸੀਂ ਖਾਸ ਤੌਰ ’ਤੇ ਗਰਭ ਰੋਕਣ ਦੇ ਵੱਖ ਵੱਖ ਤਰੀਕਿਆਂ ’ਤੇ ਮਿਰਗੀ ਦੇ ਇਲਾਜ ਦੀਆਂ ਦਵਾਈਆ ਦੇ ਅਸਰਾਂ ਬਾਰੇ ਧਿਆਨ ਦਿੱਤਾ ਹੈ। ਇਹ ਸੁਝਾਅ ਦਿੱਤਾ ਜਾਂਦਾ ਹੈ ਕਿ ਇਨ੍ਹਾਂ ਬਾਰੇ ਆਪਣੇ ਡਾਕਟਰ ਨਾਲ ਗੱਲ ਕੀਤੀ ਜਾਵੇ।

ਮਿਰਗੀ ਦੇ ਇਲਾਜ ਦੀਆਂ ਦਵਾਈਆਂ ਨੂੰ ਦੋ ਗਰੁੱਪਾਂ ਵਿਚ ਵੰਡਿਆ ਜਾ ਸਕਦਾ ਹੈ, *ਐਨਜ਼ਾਇਮ ਪੈਦਾ* ਕਰਨ ਵਾਲੀਆਂ ਅਤੇ *ਐਨਜ਼ਾਇਮ ਨਾ ਪੈਦਾ* ਕਰਨ ਵਾਲੀਆਂ। ਆਮ ਤੌਰ ’ਤੇ ਐਨਜ਼ਾਇਮ ਪੈਦਾ ਕਰਨ ਵਾਲੀਆਂ ਮਿਰਗੀ ਦੇ ਇਲਾਜ ਦੀਆਂ ਦਵਾਈਆਂ ਉਸ ਤਰੀਕੇ ਨੂੰ ਤੇਜ਼ ਕਰਦੀਆਂ ਹਨ ਜਿਸ ਤਰੀਕੇ ਨਾਲ ਜਿਗਰ (ਲਿਵਰ) ਗਰਭ ਰੋਕਣ ਦੇ ਹਾਰਮੋਨਲ ਤਰੀਕਿਆਂ ਨੂੰ ਖਤਮ ਕਰਦਾ ਹੈ। ਐਨਜ਼ਾਇਮ ਪੈਦਾ ਕਰਨ ਵਾਲੀਆਂ ਮਿਰਗੀ ਦੇ ਇਲਾਜ ਦੀਆਂ ਦਵਾਈਆਂ ਦਾ ਅਸਰ ਗਰਭ ਰੋਕਣ ਦੇ ਤਰੀਕੇ ’ਤੇ ਪੈਣ ਦੀ ਸੰਭਾਵਨਾ ਹੈ (ਗਰਭ ਰੋਕਣ ਵਿਚ ਉਨ੍ਹਾਂ ਨੂੰ ਘੱਟ ਅਸਰਦਾਰ ਬਣਾਉਂਦੀਆਂ ਹਨ)। ਐਨਜ਼ਾਇਮ ਨਾ ਪੈਦਾ ਕਰਨ ਵਾਲੀਆਂ ਮਿਰਗੀ ਦੇ ਇਲਾਜ ਦੀਆਂ ਦਵਾਈਆਂ ਦਾ ਅਸਰ ਗਰਭ ਰੋਕਣ ਦੇ ਤਰੀਕੇ ’ਤੇ ਪੈਣ ਦੀ ਸੰਭਾਵਨਾ ਨਹੀਂ ਹੈ। ਭਾਵੇਂ ਕਿ ਲੈਮੋਟਰੀਜੀਨ ਇਕ ਐਨਜ਼ਾਇਮ ਨਾ ਪੈਦਾ ਕਰਨ ਵਾਲੀ ਦਵਾਈ ਹੈ, ਪਰ ਕੁਝ ਸਟੱਡੀਜ਼ ਨੇ ਇਹ ਦਿਖਾਇਆ ਹੈ ਕਿ ਇਹ ਸਰੀਰ ਵਿਚ ਗਰਭ ਰੋਕੂ ਗੋਲੀ ਦੇ ਹਾਮਰੋਨਾਂ ਦੇ ਪੱਧਰ ਘਟਾ ਸਕਦੀ ਹੈ, ਜਿਸ ਨਾਲ ਹਾਰਮੋਨਲ ਗਰਭ ਰੋਕੂ ਗੋਲੀ ਘੱਟ ਅਸਰਦਾਰ ਬਣ ਜਾਂਦੀ ਹੈ।

### ਮਿਰਗੀ ਦੇ ਇਲਾਜ ਦੀਆਂ ਉਹ ਦਵਾਈਆਂ ਜਿਹੜੀਆਂ ਗੋਲੀ ਦਾ ਅਸਰ ਘਟਾਉਂਦੀਆਂ ਹਨ

| *ਆਮ ਨਾਂ* | *ਬਰਾਂਡ ਨਾਂ* |
|---|---|
| ਕਾਰਬਾਮੈਜ਼ੇਪੀਨ | ਟੈਗਰੇਟੋਲ |
| ਓਕਸਕਾਰਬਾਜ਼ੀਪੀਨ | ਟ੍ਰਾਏਲਿਟਪਾਲ |
| ਫੀਨੋਬਾਰਬੀਟਲ | ਫੀਨੋਬਾਰਬੀਟਲ |
| ਫੈਨੀਟੋਇਨ | ਡਾਇਲੈਨਟਿਨ |
| ਪ੍ਰਾਈਮੀਡੋਨ | ਮਾਈਸੋਲੀਨ |
| ਟੌਪੀਰਾਮੇਟ | ਟੋਪਾਮੈਕਸ |

### ਮਿਰਗੀ ਦੇ ਇਲਾਜ ਦੀਆਂ ਉਹ ਦਵਾਈਆਂ ਜਿਹੜੀਆਂ ਗੋਲੀ ਦਾ ਅਸਰ ਘਟਾ ਸਕਦੀਆਂ ਹਨ

| *ਆਮ ਨਾਂ* | *ਬਰਾਂਡ ਨਾਂ* |
|---|---|
| ਲੈਮੋਟਰੀਜੀਨ | ਲਾਮਿਕਟਲ |

### ਮਿਰਗੀ ਦੇ ਇਲਾਜ ਦੀਆਂ ਉਹ ਦਵਾਈਆਂ ਜਿਹੜੀਆਂ ਗੋਲੀ ਦਾ ਅਸਰ ਨਹੀਂ ਘਟਾਉਂਦੀਆਂ

| *ਆਮ ਨਾਂ* | *ਬਰਾਂਡ ਨਾਂ* |
|---|---|
| ਕਲੋਬਾਜ਼ਾਮ | ਫਰਿਸੀਅਮ |
| ਕਲੋਨੇਜ਼ੇਪਾਮ | ਰਿਵੋਟਰਿਲ |
| ਈਥੋਸੱਕਸੀਮਾਈਡ | ਜ਼ਾਰੋਨਟਿਨ |
| ਗਾਬਾਪੈਨਟਿਨ | ਨਿਊਰੋਨਟਿਨ |
| ਲੀਵੇਟਾਰੈਸੀਟਾਮ | ਕੇਪਰਾ |

| | |
|---|---|
| ਪ੍ਰੀਗੈਬਾਲਿਨ | ਲਿਰਕਾ |
| ਸੋਡੀਅਮ ਵੈਲਪ੍ਰੋਏਟ | ਈਪੀਵਾਲ |
| ਵਾਈਗੈਬਾਟ੍ਰਿਨ | ਸੈਬਰਿਲ |

**ਗਰਭ ਰੋਕਣ ਦੇ ਉਹ ਤਰੀਕੇ ਜਿਨ੍ਹਾਂ 'ਤੇ ਮਿਰਗੀ ਦੇ ਇਲਾਜ ਦੀਆਂ ਦਵਾਈਆਂ ਦੇ ਅਸਰ ਹੋ ਸਕਦੇ ਹਨ**

**1. ਗਰਭ ਰੋਕਣ ਲਈ ਮੂੰਹ ਨਾਲ ਲਈ ਜਾਣ ਵਾਲੀ ਰਲਵੀਂ ਗੋਲੀ**
ਗਰਭ ਰੋਕਣ ਲਈ ਗੋਲੀ ਸਭ ਤੋਂ ਭਰੋਸੇਯੋਗ ਵੱਡੀ ਪੱਧਰ 'ਤੇ ਵਰਤਿਆ ਜਾਂਦਾ ਤਰੀਕਾ ਹੈ। ਇਸ ਵਿਚ ਐਸਟ੍ਰੋਜਨ ਅਤੇ ਪ੍ਰੋਜੈਸਟ੍ਰੋਨ ਹਾਰਮੋਨ ਹੁੰਦੇ ਹਨ। ਐਨਜ਼ਾਇਮ ਪੈਦਾ ਕਰਨ ਵਾਲੀਆਂ ਮਿਰਗੀ ਦੇ ਇਲਾਜ ਦੀਆਂ ਦਵਾਈਆਂ ਉਸ ਤਰੀਕੇ ਨੂੰ ਤੇਜ਼ ਕਰਦੀਆਂ ਹਨ ਜਿਸ ਤਰੀਕੇ ਨਾਲ ਜਿਗਰ ਗੋਲੀ ਨੂੰ ਤੋੜਦਾ ਹੈ। ਇਸ ਨਾਲ ਗੋਲੀ ਦੇ ਘੱਟ ਅਸਰਦਾਰ ਬਣਨ ਦੀ ਸੰਭਾਵਨਾ ਹੈ ਅਤੇ ਅਣਵਿਉਂਤਿਆ ਗਰਭ ਠਹਿਰ ਸਕਦਾ ਹੈ। ਜੇ ਤੁਸੀਂ ਐਨਜ਼ਾਇਮ ਪੈਦਾ ਕਰਨ ਵਾਲੀਆਂ ਮਿਰਗੀ ਦੇ ਇਲਾਜ ਦੀਆਂ ਦਵਾਈਆਂ ਜਾਂ ਲੈਮੋਟਰੀਜੀਨ ਵਰਤ ਰਹੇ ਹੋ ਤਾਂ ਇਹ ਸਿਫਾਰਸ਼ ਕੀਤੀ ਜਾਂਦੀ ਹੈ ਕਿ ਤੁਸੀਂ ਜ਼ਿਆਦਾ ਐਸਟ੍ਰੋਜਨ ਡੋਜ਼ ਵਾਲੀ ਘੱਟੋ ਘੱਟ 50 μg ਦੀ ਗੋਲੀ ਵਰਤੋ। ਜੇ ਗੋਲੀ ਲੈਣ ਦੌਰਾਨ ਬਲੀਡਿੰਗ ਹੋਵੇ ਤਾਂ ਐਸਟ੍ਰੋਜਨ ਦੀ ਡੋਜ਼ ਵਧਾ ਕੇ ਹਰ ਰੋਜ਼ 75–100 ਮਾਈਕਰੋਗ੍ਰਾਮ ਕੀਤੀ ਜਾ ਸਕਦੀ ਹੈ।

**2. ਸਿਰਫ ਪ੍ਰੋਜੈਸਟ੍ਰੋਨ ਵਾਲੀ ਗੋਲੀ ("ਮਿਨੀ ਪਿੱਲ")**
ਇਸ ਵਿਚ ਸਿਰਫ ਹਾਰਮੋਨ ਪ੍ਰੋਜੈਸਟ੍ਰੋਨ ਹੁੰਦਾ ਹੈ। ਇਹ ਰਲਵੀਂ ਗੋਲੀ ਨਾਲੋਂ ਘੱਟ ਅਸਰਦਾਰ ਹੁੰਦੀ ਹੈ। ਇਹ ਛੋਟੀ ਗੋਲੀ ਐਨਜ਼ਾਇਮ ਪੈਦਾ ਕਰਨ ਵਾਲੀਆਂ ਮਿਰਗੀ ਦੇ ਇਲਾਜ ਦੀਆਂ ਦਵਾਈਆਂ ਲੈ ਰਹੀਆਂ ਔਰਤਾਂ ਲਈ ਸਿਫਾਰਸ਼ ਨਹੀਂ ਕੀਤੀ ਜਾਂਦੀ।

**3. ਇੰਟਰਾਮਸਕੂਲਰ ਮੈਡਰੋਕਸੀਪ੍ਰੋਜੈਸਟ੍ਰੋਨ ਟੀਕਾ (ਡੈਪੋ–ਪ੍ਰੋਵੈਰਾ)**
ਡੈਪੋ–ਪ੍ਰੋਵੈਰਾ ਗਰਭ ਰੋਕਣ ਦਾ ਇਕ ਤਰੀਕਾ ਹੈ ਜਿਸ ਵਿਚ ਹਾਰਮੋਨ ਪ੍ਰੋਜੈਸਟ੍ਰੋਨ ਹੁੰਦਾ ਹੈ ਅਤੇ ਇਹ ਟੀਕੇ ਨਾਲ ਦਿੱਤਾ ਜਾਂਦਾ ਹੈ। ਐਨਜ਼ਾਇਮ ਪੈਦਾ ਕਰਨ ਵਾਲੀਆਂ ਦਵਾਈਆਂ ਜਾਂ ਲੈਮੋਟਰੀਜੀਨ ਲੈ ਰਹੀਆਂ ਔਰਤਾਂ ਵਿਚ  ਡੈਪੋ–ਪ੍ਰੋਵੈਰਾ ਜ਼ਿਆਦਾ ਵਾਰੀ ਲਗਾਉਣ ਦੀ ਲੋੜ ਹੁੰਦੀ ਹੈ (ਹਰ 12 ਹਫਤਿਆਂ ਦੀ ਬਜਾਏ ਹਰ 10 ਹਫਤਿਆਂ ਬਾਅਦ)।

**4. ਮੌਰਨਿੰਗ–ਆਫਟਰ ਪਿੱਲ**
ਇਹ ਗਰਭ ਰੋਕਣ ਦਾ ਐਮਰਜੰਸੀ ਤਰੀਕਾ ਹੈ ਜੋ ਕਿ ਅਣਸੁਰੱਖਿਅਤ ਸੰਭੋਗ ਤੋਂ ਬਾਅਦ ਪਹਿਲੇ 72 ਘੰਟਿਆਂ ਦੇ ਵਿਚ ਵਿਚ ਵਰਤਿਆ ਜਾ ਸਕਦਾ ਹੈ। ਜੇ ਐਨਜ਼ਾਇਮ ਪੈਦਾ ਕਰਨ ਵਾਲੀ ਦਵਾਈ ਲਈ ਜਾ ਰਹੀ ਹੋਵੇ ਤਾਂ ਮੌਰਨਿੰਗ–ਆਫਟਰ ਪਿੱਲ (ਅਗਲੀ ਸਵੇਰ ਨੂੰ ਲਈ ਜਾਣ ਵਾਲੀ ਗੋਲੀ) ਦੀ ਡੋਜ਼ ਦੁੱਗਣੀ ਕਰਨ ਦੀ ਲੋੜ ਪਵੇਗੀ।

**5. ਗਰਭ ਰੋਕਣ ਲਈ ਇਮਪਲਾਂਟਸ**
ਜਿਵੇਂ ਕਿ ਇਮਪਲਾਨੌਨ, ਇਨ੍ਹਾਂ ਵਿਚ ਹਾਰਮੋਨ ਪ੍ਰੋਜੈਸਟ੍ਰੋਨ ਹੁੰਦਾ ਹੈ ਅਤੇ ਇਹ ਬਾਂਹ ਦੀ ਚਮੜੀ ਵਿਚ ਰੱਖੇ ਜਾਂਦੇ ਹਨ। ਇਮਪਲਾਂਟਸ 'ਤੇ ਐਨਜ਼ਾਇਮ ਪੈਦਾ ਕਰਨ ਵਾਲੀਆਂ ਮਿਰਗੀ ਦੇ ਇਲਾਜ ਦੀਆਂ ਦਵਾਈਆਂ ਦਾ ਅਸਰ ਪੈ ਸਕਦਾ ਹੈ ਅਤੇ ਇਸ ਕਰਕੇ ਇਨ੍ਹਾਂ ਦੀ ਸਿਫਾਰਸ਼ ਨਹੀਂ ਕੀਤੀ ਜਾਂਦੀ।

**6. ਗਰਭ ਰੋਕਣ ਲਈ ਪੈਚ ਅਤੇ ਵਜਾਇਨਲ ਰਿੰਗ**
ਇਹ ਦੋਨੋਂ ਐਸਟ੍ਰੋਜਨ ਅਤੇ ਪ੍ਰੋਜੈਸਟ੍ਰੋਨ ਹਾਰਮੋਨ ਜਾਰੀ ਕਰਕੇ ਕੰਮ ਕਰਦੀਆਂ ਹਨ। ਇਨ੍ਹਾਂ 'ਤੇ ਐਨਜ਼ਾਇਮ ਪੈਦਾ ਕਰਨ ਵਾਲੀਆਂ ਮਿਰਗੀ ਦੇ ਇਲਾਜ ਦੀਆਂ ਦਵਾਈਆਂ ਦਾ ਅਸਰ ਪੈ ਸਕਦਾ ਹੈ ਅਤੇ ਇਸ ਕਰਕੇ ਇਨ੍ਹਾਂ ਦੀ ਸਿਫਾਰਸ਼ ਨਹੀਂ ਕੀਤੀ ਜਾਵੇਗੀ।

**7. ਪਰਸੋਨਾ ਉਪਾ**
ਇਹ ਤਰੀਕਾ ਮਾਹਵਾਰੀ ਦੌਰਾਨ ਹਾਰਮੋਨਲ ਤਬਦੀਲੀਆਂ ਲਈ ਪਿਸ਼ਾਬ ਦੇ ਟੈੱਸਟ 'ਤੇ ਨਿਰਭਰ ਕਰਦਾ ਹੈ। ਮਿਰਗੀ ਦੇ ਇਲਾਜ ਦੀਆਂ ਦਵਾਈਆਂ ਲੈ ਰਹੀਆਂ ਔਰਤਾਂ ਲਈ ਗਰਭ ਰੋਕਣ ਲਈ ਇਸ ਤਰੀਕੇ ਦੀ ਸਿਫਾਰਸ਼ ਨਹੀਂ ਕੀਤੀ ਜਾਂਦੀ।

**8. ਰਿਦਮ ਤਰੀਕਾ**
ਇਹ ਤਰੀਕਾ ਵੀ ਹਾਰਮੋਨਲ ਤਬਦੀਲੀਆਂ 'ਤੇ ਨਿਰਭਰ ਕਰਦਾ ਹੈ ਅਤੇ ਇਸ ਕਰਕੇ ਮਿਰਗੀ ਦੇ ਇਲਾਜ ਦੀਆਂ ਦਵਾਈਆਂ ਲੈ ਰਹੀਆਂ ਔਰਤਾਂ ਲਈ ਇਸ ਦੀ ਸਿਫਾਰਸ਼ ਨਹੀਂ ਕੀਤੀ ਜਾਂਦੀ।

**ਗਰਭ ਰੋਕਣ ਦੇ ਉਹ ਤਰੀਕੇ ਜਿਨ੍ਹਾਂ 'ਤੇ ਮਿਰਗੀ ਦੇ ਇਲਾਜ ਦੀਆਂ ਦਵਾਈਆਂ ਦਾ ਅਸਰ ਨਹੀਂ ਪੈਂਦਾ**

**1. ਬੈਰੀਅਰ ਤਰੀਕਾ**
ਗਰਭ ਰੋਕਣ ਦੇ ਬੈਰੀਅਰ (ਰੁਕਾਵਟੀ) ਤਰੀਕਿਆਂ ਵਿਚ ਕੰਡਮ, ਫੈਮੀਡੋਮਜ਼, ਡਾਇਫਰਾਮਜ਼ ਅਤੇ ਕੈਪਸ ਸ਼ਾਮਲ ਹਨ। ਇਨ੍ਹਾਂ ਵਿੱਚੋਂ ਕਿਸੇ ’ਤੇ ਵੀ ਮਿਰਗੀ ਦੇ ਇਲਾਜ ਦੀਆਂ ਦਵਾਈਆਂ ਦਾ ਅਸਰ ਨਹੀਂ ਪੈਂਦਾ।

**2. ਬੱਚੇਦਾਨੀ ਵਿਚ ਰੱਖੇ ਜਾਣ ਵਾਲੇ ਯੰਤਰ (ਆਈ ਯੂ ਡੀਜ਼)**
ਆਈ ਯੂ ਡੀਜ਼ (ਜਿਨ੍ਹਾਂ ਨੂੰ ਅਕਸਰ ਅੰਗਰੇਜ਼ੀ ਵਿਚ “ਕੋਇਲ” ਆਖਿਆ ਜਾਂਦਾ ਹੈ) ਉਹ ਯੰਤਰ ਹਨ ਜਿਹੜੇ ਬੱਚੇਦਾਨੀ ਵਿਚ ਫਿੱਟ ਕੀਤੇ ਜਾਂਦੇ ਹਨ। ਆਈ ਯੂ ਡੀਜ਼ ’ਤੇ ਮਿਰਗੀ ਦੇ ਇਲਾਜ ਦੀਆਂ ਦਵਾਈਆਂ ਦਾ ਅਸਰ ਨਹੀਂ ਪੈਂਦਾ।

**3. ਬੱਚੇਦਾਨੀ ਵਿਚ ਰੱਖੇ ਜਾਣੇ ਵਾਲੇ ਸਿਸਟਮ (ਆਈ ਯੂ ਐੱਸਜ਼) –ਮੀਰੀਨਾ**
ਆਈ ਯੂ ਐੱਸਜ਼, ਆਈ ਯੂ ਡੀਜ਼ ਵਾਂਗ ਹੀ ਹਨ ਅਤੇ ਬੱਚੇਦਾਨੀ ਵਿਚ ਫਿੱਟ ਕੀਤੇ ਜਾਂਦੇ ਹਨ। ਪਰ, ਆਈ ਯੂ ਡੀ ਦੇ ਉਲਟ, ਆਈ ਯੂ ਐੱਸਜ਼ ਵਿਚ ਪ੍ਰੋਜੈਸਟ੍ਰੋਨ ਹਾਰਮੋਨ ਹੁੰਦੇ ਹਨ। ਭਾਵੇਂ ਕਿ ਆਈ ਯੂ ਐੱਸਜ਼ ਵਿਚ ਪ੍ਰੋਜੈਸਟ੍ਰੋਨ ਹੁੰਦੇ ਹਨ ਪਰ ਇਨ੍ਹਾਂ ’ਤੇ ਮਿਰਗੀ ਦੇ ਇਲਾਜ ਦੀਆਂ ਦਵਾਈਆਂ ਦਾ ਅਸਰ ਨਹੀਂ ਪੈਂਦਾ ਕਿਉਂਕਿ ਹਾਰਮੋਨ ਸਿੱਧਾ ਬੱਚੇਦਾਨੀ ਵਿਚ ਜਾਰੀ ਹੁੰਦੇ ਹਨ ਅਤੇ ਇਹ ਸਰੀਰ ਵਿਚ ਦੀ ਨਹੀਂ ਜਾਂਦੇ।

ਇਸ ਵਿਸ਼ੇ ਬਾਰੇ ਜ਼ਿਆਦਾ ਜਾਣਕਾਰੀ ਇਸ ਵੈੱਬਸਾਈਟ ’ਤੇ ਹੈ: www.aafp.org/afp/20021015/1489.html

ਵੈਨਕੂਵਰ ਜਨਰਲ ਹਸਪਤਾਲ, ਬ੍ਰਿਟਿਸ਼ ਕੋਲੰਬੀਆ ਦੇ ਮਿਰਗੀ ਦੇ ਸਪੈਸ਼ਲਿਸਟ ਕਨਸਲਟੈਂਟ
ਅਤੇ ਮਿਰਗੀ ਦੇ ਸਪੈਸ਼ਲਿਸਟ ਫੈਲੋ ਵਲੋਂ ਤਿਆਰ ਕੀਤਾ ਗਿਆ।

ਦਸੰਬਰ 2007 ਵਿਚ ਵੰਡਣ ਲਈ ਮਨਜ਼ੂਰ ਕੀਤਾ (ਟੀ ਟੀ)

**ਤੁਸੀਂ ਬੀ ਸੀ ਐਪੀਲੈਪਸੀ ਸੁਸਾਇਟੀ ਦੇ ਮੈਂਬਰ ਬਣ ਸਕਦੇ ਹੋ ਅਤੇ ਸਾਰੇ ਪ੍ਰੋਗਰਾਮਾਂ ਅਤੇ ਸਰਵਿਸ ਦੇ ਫਾਇਦੇ ਲੈ ਸਕਦੇ ਹੋ।**
**#2500-900 West 8th Avenue, Vancouver, BC V5Z 1E5**
**ਫੋਨ: (604) 875-6704 ਫੈਕਸ: (604) 875-0617 info@bcepilepsy.com www.bcepilepsy.com**